50

# ਖ਼ੁਦਾ ਦੇ ਕੰਮ ਵਿਚ ਤੁਸੀਂ ਕਾਮਯਾਬ ਹੋ ਜੇ ...

(17:16-34)

ਯੂਨਾਨੀ- ਰੋਮੀ ਸੰਸਾਰ ਦੀ ਸੱਭਿਅਤਾ ਅਤੇ ਦਾਰਸ਼ਨਿਕ ਕੇਂਦਰ ਅਥੇਨੇ ਵਿਚ ਪੌਲੁਸ ਇਕੱਲਾ ਸੀ। ਬਹੁਤ ਸਾਰੇ ਲੋਕ ਅਥੇਨੇ ਵਿਚ ਉਹਦੇ ਕੰਮ ਦੀਆਂ ਹੇਠ ਲਿਖੀਆਂ ਗੱਲਾਂ ਦਾ ਹਵਾਲਾ ਦਿੰਦੇ ਹੋਏ ''ਪੌਲੁਸ ਦੀਆਂ ਸਭ ਤੋਂ ਵੱਡੀਆਂ ਨਾਕਾਮੀਆਂ ਵਿੱਚੋਂ ਇਕ'' ਕਹਿੰਦੇ ਹਨ: (1) ਲੂਕਾ ਨੇ ਕੁਝ ਲੋਕਾਂ ਵੱਲੋਂ ਹੀ ਉਹਨੂੰ ਕਬੂਲੇ ਜਾਣ ਦਾ ਜ਼ਿਕਰ ਕੀਤਾ ਹੈ। (2) ਨਵੇਂ ਨੇਮ ਵਿਚ ਕਿਤੇ ਵੀ ਅਥੇਨੇ ਦੀ ਮੰਡਲੀ ਦਾ ਜ਼ਿਕਰ ਨਹੀਂ ਹੈ। (3) ਪੌਲੁਸ ਨੇ ਜਿੱਥੇ-ਜਿੱਥੇ ਕੰਮ ਕੀਤਾ ਉਨ੍ਹਾਂ ਵਿੱਚੋਂ ਬਹੁਤੇ ਥਾਵਾਂ ਤੇ ਉਹਦੇ ਹਮਸਫ਼ਰ ਬਣੇ (20:4), ਪਰ ਅਥੇਨੇ ਵਿੱਚੋਂ ਕੋਈ ਉਹਦੇ ਨਾਲ ਨਹੀਂ ਆਇਆ। (4) ਪੌਲੁਸ ਦੀਆਂ ਪੱਤਰੀਆਂ ਵਿਚ ਅਥੇਨੇ ਦੇ ਕਿਸੇ ਮਸੀਹੀ ਨੂੰ ਸਲਾਮ ਨਹੀਂ ਲਿਖਿਆ ਗਿਆ। ਇਨ੍ਹਾਂ ਗੱਲਾਂ ਤੇ ਵਿਚਾਰ ਕਰਨ ਤੇ ਇਹ ਸਮਝਣ ਵਿਚ ਮੁਸ਼ਕਿਲ ਨਹੀਂ ਆਉਂਦੀ ਕਿ ਕੁਝ ਲੋਕ ਪੌਲੁਸ ਦੇ ਅਥੇਨੇ ਵਿਚ ਹੋਏ ਕੰਮ ਨੂੰ ਨਾਕਾਮੀ ਕਿਉਂ ਆਖਦੇ ਹਨ। ਪਰ ਭਲਾ ਇਹ ਉਹਦੀ ਨਾਕਾਮੀ ਸੀ?

ਦੁਨੀਆਂ ਕਾਮਯਾਬੀ ਨੂੰ ਸਰਸਰੀ ਤੌਰ ਤੇ ਜਾਇਦਾਦ ਪ੍ਰਾਪਤੀ, ਸਿੱਖਿਆ ਦੇ ਪੱਧਰ, ਸ਼ਾਨ-ਓ-ਸ਼ੌਕਤ ਅਤੇ ਤਾਕਤ ਨਾਲ ਨਾਪਦੀ ਹੈ। ਕਲੀਸੀਆ ਵਿਚ ਕਾਮਯਾਬੀ ਨੂੰ ਬਿਲਡਿੰਗਾਂ, ਲੋਕਾਂ ਦੀ ਗਿਣਤੀ, ਪ੍ਰੋਗਰਾਮਾਂ, ਲੋਕਾਂ ਵੱਲੋਂ ਕਬੂਲੇ ਜਾਣ ਅਤੇ ਉੱਤੇਜਨਾ ਨੂੰ ਵੇਖ ਕੇ ਕਈ ਲੋਕ ਕਾਮਯਾਬੀ ਦੀ ਓਸੇ ਕਸੌਟੀ ਦੇ ਓਸੇ ਜਾਲ ਵਿਚ ਫ਼ਸ ਜਾਂਦੇ ਹਨ। ਪ੍ਰਭੂ ਦੇ ਕੰਮ ਵਿਚ ਅਸਲੀ ''ਕਾਮਯਾਬੀ'' ਕੀ ਹੈ?

ਮੈਂ ਇਸ ਪਾਠ ਨੂੰ ਜਿੱਥੋਂ ਤਕ ਹੋ ਸਕੇ[1] ਨਿੱਜੀ ਬਣਾਉਂਦਾ ਹਾਂ ਅਤੇ ਸੁਝਾਅ ਦਿੰਦਾ ਹਾਂ ਕਿ ਜੇ ਤੁਸੀਂ ਹੇਠਾਂ ਦਿੱਤੇ ਮਾਪਦੰਡ ਨੂੰ ਪੂਰਾ ਕਰਦੇ ਹੋ ਤਾਂ ਰੂਹਾਨੀ ਤੌਰ ਤੇ ਤੁਸੀਂ ਕਾਮਯਾਬ ਹੋ।

## ਜੇ ਬੁਰਾਈ ਅਤੇ ਅਗਿਆਨਤਾ ਨੂੰ ਵੇਖ ਕੇ ਤੁਹਾਡਾ ਮਨ ਸੜ ਸਕਦਾ ਹੈ (17:16)

ਅਥੇਨੇ ਦੀ ਸ਼ਾਨੋ-ਸ਼ੌਕਤ ਪਹਿਲਾਂ ਹੀ ਅਤੀਤ ਦੀ ਗੱਲ ਬਣ ਚੁੱਕੀ ਸੀ, ਪਰ ਪੌਲੁਸ ਦੇ ਸਮੇਂ ਵੀ ਇਹ ਸ਼ਹਿਰ ਇਕ ਅਜਿਹੇ ਤਾਕਤਵਰ ਕੇਂਦਰ ਦੇ ਰੂਪ ਵਿਚ ਮਸ਼ਹੂਰ ਸੀ ਜਿਸ ਨੂੰ

ਨਜ਼ਰਅੰਦਾਜ਼ ਕਰਨਾ ਨਾਮੁਮਕਿਨ ਸੀ। ਬਹੁਤ ਸਾਰੇ ਵੱਡੇ ਵੱਡੇ ਵਿਚਾਰਕ, ਬੁਲਾਰੇ, ਅਤੇ ਕਲਾਕਾਰ ਅਥੇਨੇ ਵਿਚ ਰਹਿਣ ਲੱਗੇ ਸਨ। ਲੋਕਰਾਜ ਦੀ ਧਾਰਣਾ ਦਾ ਜਨਮ ਵੀ ਇੱਥੋਂ ਹੀ ਹੋਇਆ ਸੀ। ਦੁਨੀਆਂ ਉੱਤੇ ਜਿੱਤ ਹਾਸਲ ਕਰਨ ਦੀ ਪ੍ਰਕ੍ਰਿਆ ਵਿਚ ਰੋਮੀਆਂ ਨੇ ਅਥੇਨੇ ਦੀ ਸੱਭਿਅਤਾ ਅਤੇ ਯੂਨਾਨੀ ਭਾਸ਼ਾ ਦਾ ਵਿਕਾਸ ਕੀਤਾ ਸੀ। ਅਜੇ ਵੀ ਬਹੁਤ ਸਾਰੇ ਲੋਕ ਅਥੇਨੇ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਮਹਾਂਨਗਰ ਮੰਨਦੇ ਸਨ।[2]

ਜੇ ਵਿਸ਼ਵਾਸੀ ਭਾਈ ਪੌਲੁਸ ਨੂੰ ਜਹਾਜ਼ ਰਾਹੀਂ ਲੈ ਕੇ ਆਏ, ਜਿਵੇਂ ਕਿ ਲਗਦਾ ਵੀ ਹੈ, ਤਾਂ ਉਨ੍ਹਾਂ ਨੇ ਉਸ ਨੂੰ ਬੰਦਰਗਾਹ ਤੇ ਹੀ ''ਅਲਵਿਦਾ'' ਕਹਿ ਦਿੱਤਾ ਹੋਵੇਗਾ ਜੋ ਸ਼ਹਿਰ ਤੋਂ ਪੰਜ ਕੁ ਮੀਲ (ਲਗਭਗ ਅੱਠ ਕਿਲੋਮੀਟਰ) ਦੂਰ ਸੀ। ਅਥੇਨੇ ਵਿਚ ਜਾਂਦਿਆਂ ਪੌਲੁਸ ਨੂੰ ਸਭ ਤੋਂ ਪਹਿਲਾਂ ਅਕਰੋਪੁਲਿਸ ਹੀ ਨਜ਼ਰ ਆਇਆ ਹੋਵੇਗਾ,[3] ਜੋ ਚਮਕੀਲੇ ਸਫ਼ੇਦ ਅਤੇ ਸੁਨਹਿਰੇ ਪਾਰਥਿਨੋਨ[4] ਨਾਲ ਸਜਾਇਆ ਗਿਆ ਸੀ, ਬਹੁਤੇ ਲੋਕ ਇਸ ਨੂੰ ਇਨਸਾਨ ਦੀ ਬਣਾਈ ਸਭ ਤੋਂ ਖ਼ੂਬਸੂਰਤ ਇਮਾਰਤ ਮੰਨਦੇ ਸਨ। ਪਾਰਥਿਨੋਨ ਦੇ ਬਾਹਰ ਅਥੇਨੇ ਦੀ ਸਰਪ੍ਰਸਤ ਦੇਵੀ ਅਥੇਨਾ ਦੀ ਮੂਰਤੀ[5] ਸੀ। ਪ੍ਰਾਚੀਨ ਲੇਖਕਾਂ ਮੁਤਾਬਕ ਇਹ ਮੂਰਤੀ ਐਨੀ ਉੱਚੀ ਸੀ ਕਿ ਅਥੇਨਾ ਦੇ ਨੇਜ਼ੇ ਤੇ ਪੈ ਰਹੀਆਂ ਸੂਰਜ ਦੀਆਂ ਕਿਰਣਾਂ ਦੀ ਚਮਕ ਬੰਦਰਗਾਹ ਤੋਂ ਵੀ ਨਜ਼ਰ ਆਉਂਦੀ ਸੀ।

ਪੌਲੁਸ ਨੇ ਉਨ੍ਹਾਂ ਭਾਈਆਂ ਨੂੰ ਜੋ ਉਸ ਨੂੰ ਅਥੇਨੇ ਵਿਚ ਛੱਡ ਗਏ ਸਨ ਕਿਹਾ ਸੀ ਕਿ ਉਹ ਸੀਲਾਸ ਅਤੇ ਤਿਮੋਥਿਉਸ ਨੂੰ ਕਹਿਣ ਕਿ ਜਿੰਨੀ ਛੇਤੀ ਹੋ ਸਕੇ ਉਹਦੇ ਕੋਲ ਆਉਣ (ਆਇਤ 15)। ਪੌਲੁਸ ਦੀ ਯੋਜਨਾ ਅਥੇਨੇ ਵਿਚ ਆਪਣੇ ਸਾਥੀਆਂ ਦੇ ਇਕੱਠੇ ਹੋਣ ਤੇ ਕੰਮ ਸ਼ੁਰੂ ਕਰਨ ਦੀ ਹੋਵੇਗੀ। ਪਰ ਜੋ ਬੁਰਾਈ ਅਤੇ ਅਗਿਆਨਤਾ ਉਹਨੇ ਵੇਖੀ ਉਸ ਨੂੰ ਉਹ ਨਜ਼ਰਅੰਦਾਜ਼ ਨਹੀਂ ਕਰ ਸਕਿਆ। ਜਿੱਧਰ ਵੀ ਉਹਨੇ ਨਜ਼ਰ ਮਾਰੀ ਉਹਨੂੰ ਅੰਧਵਿਸ਼ਵਾਸ ਨਾਲ ਭਰੇ ਮੂਰਤੀਪੂਜਕਾਂ ਦੇ ਪਰਬ, ਜਲੂਸ, ਕੁਰਬਾਨੀਆਂ ਅਤੇ ਜਸ਼ਨ ਨਜ਼ਰ ਆਏ ਹੋਣਗੇ। ਉਹਨੇ ਛੋਟੀਆਂ ਛੋਟੀਆਂ ਮੂਰਤੀਆਂ ਅਤੇ ਮੰਦਰ ਵੀ ਵੇਖੇ ਹੋਣਗੇ (ਜਿਨ੍ਹਾਂ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਮੰਦਰ ਜ਼ਿਊਸ[6] ਦਾ ਮੰਦਰ ਵੀ ਸੀ)। ਹਾਸ ਲੇਖਕ ਪ੍ਰਿਟੋਨੀਉਸ ਨੇ ਲਿਖਿਆ ਹੈ ਕਿ ਅਥੇਨੇ ਵਿਚ ਦੇਵਤਾ ਲੱਭਣਾ ਸੌਖਾ ਸੀ ਪਰ ਇਨਸਾਨ ਲੱਭਣਾ ਮੁਸ਼ਕਿਲ। ਪੌਲੁਸ ਇਕ ਵੇਦੀ ਦੇ ਲਾਗਿਓਂ ਦੀ ਲੰਘਿਆ ਜਿਸ ਉੱਤੇ ਲਿਖਿਆ ਹੋਇਆ ਸੀ, ''ਅਣਜਾਤੇ ਦੇਵ ਲਈ'' (ਆਇਤ 23)। ਜਿਸ ਕਰਕੇ, ''ਜਦੋਂ ਪੌਲੁਸ ਅਥੇਨੇ ਵਿਚ [ਸੀਲਾਸ ਅਤੇ ਤਿਮੋਥਿਉਸ] ਦੀ ਉਡੀਕ ਕਰਦਾ ਸੀ ਤਾਂ ਸ਼ਹਿਰ ਨੂੰ ਮੂਰਤਾਂ ਨਾਲ ਭਰਿਆ ਹੋਇਆ ਵੇਖ ਕੇ ਉਹ ਦਾ ਜੀਅ ਜਲ ਗਿਆ'' (ਆਇਤ 16)।

ਪੌਲੁਸ ਇਨ੍ਹਾਂ ਮੂਰਤੀਆਂ ਨੂੰ ਵੇਖ ਕੇ ਹੀ ਨਹੀਂ ਸਗੋਂ ਇਨ੍ਹਾਂ ਦੇ ਸਾਹਮਣੇ ਇਨ੍ਹਾਂ ਦੀ ਪੂਜਾ ਕਰਨ ਵਾਲੇ ਲੋਕਾਂ ਅਤੇ ਕੁਰਬਾਨੀਆਂ ਤੋਂ ਵੀ ਪਰੇਸ਼ਾਨ ਹੋ ਗਿਆ ਸੀ ਜੋ ਇਨ੍ਹਾਂ ਦੇਵਤਿਆਂ ਲਈ ਰੱਖੀਆਂ ਗਈਆਂ ਸਨ। ਹਰ ਗੁਲਦਸਤਾ ਸੁੱਕੇ ਫੁੱਲਾਂ ਨਾਲ ਭਰਿਆ ਹੋਇਆ ਸੀ। ਗਲੇ ਫੁੱਲਾਂ ਦੇ ਹਰ ਭਾਂਡੇ ਵਿਚ ਕਿਸੇ ਦਾ ਦਿਲ ਨਜ਼ਰ ਆ ਰਿਹਾ ਸੀ। ਅੱਜ ਅਥੇਨੇ ਵਿਚ ਜਾਣ ਵਾਲੇ ਲੋਕ ਪੁਰਾਤਨ ਸ਼ਹਿਰ ਦੇ ਖੰਡਰਾਂ ਨੂੰ ਕਲਾ ਅਤੇ ਵਾਸਤੂ-ਕਲਾ ਦਾ ਨਾਂਅ ਦਿੰਦੇ ਹਨ। ਜਦ ਪੌਲੁਸ ਨੇ ਮੂਰਤੀਆਂ ਅਤੇ ਸ਼ਾਨਦਾਰ ਮੰਦਰਾਂ ਨੂੰ ਵੇਖਿਆ ਸੀ, ਤਾਂ ਉਹਨੂੰ ਉਨ੍ਹਾਂ ਵਿਚ ਵਾਸਤੂ ਕਲਾ ਦੀ ਖ਼ੂਬਸੂਰਤੀ ਨਹੀਂ ਸਗੋਂ ਬੁਰਾਈ ਦੀ ਘਿਣੌਣੀ ਤਸਵੀਰ ਨਜ਼ਰ ਆਈ ਸੀ। ਉਹਨੂੰ ਸੱਭਿਅਤਾ ਦਾ ਵਿਕਾਸ ਨਹੀਂ ਸਗੋਂ ਰੂਹਾਨੀ ਨੰਗੇਜ਼ ਨਜ਼ਰ ਆਇਆ ਸੀ। ਉਹਨੂੰ ਉੱਥੇ ਅੰਦਰ ਦਾ

ਗਿਆਨ ਨਹੀਂ ਸਗੋਂ ਰੂਹ ਦੀ ਅਗਿਆਨਤਾ ਨਜ਼ਰ ਆਈ ਸੀ।[7] ਬਾਅਦ ਵਿਚ ਉਹਨੇ ਲਿਖਿਆ, ''... ਜਿਹੜੀਆਂ ਵਸਤਾਂ ਪਰਾਈਆਂ ਕੌਮਾਂ ਚੜ੍ਹਾਉਂਦੀਆਂ ਹਨ ਸੋ ਭੂਤਾਂ ਲਈ ਚੜ੍ਹਾਉਂਦੀਆਂ ਹਨ'' (1 ਕੁਰਿੰਥੀਆਂ 10:20ੳ)।[8]

ਗਿਆਨ ਦਾ ਕੇਂਦਰ ਅੰਧਵਿਸ਼ਵਾਸ ਦਾ ਕੇਂਦਰ ਕਿਵੇਂ ਹੋ ਸਕਦਾ ਸੀ? 1 ਕੁਰਿੰਥੀਆਂ 1:21 ਅਥੇਨੇ ਦੀ ਹਕੀਕਤ ਵਿਖਾਉਂਦੀ ਜੀਉਂਦੀ ਤਸਵੀਰ ਸੀ: ''ਪ੍ਰਮੇਸ਼ਵਰ ਦੇ ਗਿਆਨ ਤੋਂ ਇਉਂ ਹੋਇਆ ਕਿ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪ੍ਰਮੇਸ਼ਵਰ ਨੂੰ ਨਾ ਜਾਣਿਆ [ਅਤੇ ਨਾ ਜਾਣ ਸਕਦਾ ਹੈ]।'' ਰੋਮੀਆਂ 1:18-32 ਓਸੇ ਦੀ ਵਿਆਖਿਆ ਹੈ ਜੋ ਉਸ ਕੁਝ ''ਗਿਆਨ ਨਾਲ ਭਰੇ'' ਸ਼ਹਿਰ ਨਾਲ ਹੋਇਆ।

ਜੋ ਕੁਝ ਪੌਲੁਸ ਨੇ ਅਥੇਨੇ ਵਿਚ ਵੇਖਿਆ ਉਸ ਨਾਲ ਉਹਦਾ ਜੀ ਜਲ ਗਿਆ ਸੀ। ਭਲਾ ਆਪਣੇ ਆਲੇ ਦੁਆਲੇ ਵੇਖਣ ਤੇ ਸਾਡਾ ਜੀਅ ਉਸ ਨਾਲ ਜਲਦਾ ਹੈ, ਜਾਂ ਪਾਪ ਅਤੇ ਗੁਆਚੇ ਹੋਏ ਲੋਕਾਂ ਨਾਲ ਭਰੇ ਸੰਸਾਰ ਬਾਰੇ ਸਾਡੇ ਦਿਲ ਬੜੇ ਸਖ਼ਤ ਹੋ ਗਏ ਹਨ? ਕਈ ਲੋਕ ਇਸ ਗੱਲ ਤੋਂ ਕਿ ਕੀ ਸਹੀ ਹੈ ਅਤੇ ਕੀ ਗਲਤ, ''ਕੁਝ ਜ਼ਿਆਦਾ ਹੀ ਉਤੇਜਿਤ ਹੋ ਕੇ'' ਝੁੰਜਲਾ ਜਾਂਦੇ ਹਨ; ਪਰ ਯਿਸੂ ਝੁੰਜਲਾਇਆ ਨਹੀਂ ਹੋਇਆ ਸੀ (ਮੱਤੀ 9:36; ਯੂਹੰਨਾ 2:17) ਅਤੇ ਨਾ ਪੌਲੁਸ ਹੀ (ਰੋਮੀਆਂ 9:1-3)। ਆਮ ਤੌਰ ਤੇ ਜ਼ਿੰਦਗੀ ਵਿਚ ਤਦ ਤਕ ਕੁਝ ਅਹਿਮ ਨਹੀਂ ਹੁੰਦਾ ਜਦ ਤਕ ਇਸ ਵਿਚ ਕੋਈ ਰੋਮਾਂਚ ਨਾ ਹੋਵੇ। ਅਗਿਆਨਤਾ ਅਤੇ ਬੁਰਾਈ ਦੇ ਬਾਰੇ ਤੁਸੀਂ ਕਿੰਨੇ ਰੋਮਾਂਚਿਤ ਹੋ?

## ਗ਼ਲਤੀ ਦੇ ਸੁਧਾਰ ਲਈ ਜੋ ਕੁਝ ਤੁਸੀਂ ਕਰ ਸਕਦੇ ਹੋ ਜੇ ਉਹ ਕਰੋ (17:17-19, 21)

ਅਸੀਂ ਪੌਲੁਸ ਦੀ ਥਾਂ ਹੁੰਦੇ ਤਾਂ ਕੀ ਕਰਦੇ? ਕੀ ਅਸੀਂ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ? ਕੀ ਅਸੀਂ ਨਿਰਾਸ਼ ਹੋ ਕੇ ਛੱਡ ਜਾਣ ਲਈ ਤਿਆਰ ਹੋ ਜਾਂਦੇ? ਕੀ ਅਸੀਂ ਇਹ ਕਹਿੰਦੇ ਕਿ ''ਮੈਂ ਕੁਝ ਨਹੀਂ ਕਰ ਸਕਦਾ। ਮੈਂ ਹਜ਼ਾਰਾਂ ਵਿਚ ਇਕੱਲਾ ਹਾਂ''? ਨਕਾਰਾਤਮਕ ਜਵਾਬ ਦੇਣ ਦੀ ਬਜਾਏ ਪੌਲੁਸ ਨੇ ਹਾਲਾਤ ਨੂੰ ਸੁਧਾਰਣ ਲਈ ਜੋ ਕੁਝ ਕਰ ਸਕਦਾ ਸੀ ਕੀਤਾ। ਗ਼ਲਤੀ ਨੂੰ ਸੁਧਾਰਣ ਲਈ *ਜੋ ਕੁਝ ਉਹਨੇ ਕੀਤਾ ਤੁਸੀਂ ਵੀ ਕਰ ਸਕੋ* ਤਾਂ ਮੇਰਾ ਖਿਆਲ ਹੈ ਕਿ ਰੂਹਾਨੀ ਤੌਰ ਤੇ ਤੁਸੀਂ ਇਕ ਕਾਮਯਾਬ ਆਦਮੀ ਹੋ। ਜਿੰਨਾਂ ਅਸੀਂ ਕਰ ਸਕਦੇ ਹਾਂ ਖ਼ੁਦਾ ਕਦੇ ਵੀ ਉਸ ਤੋਂ ਵੱਧ ਦੀ ਉਮੀਦ ਸਾਥੋਂ ਨਹੀਂ ਕਰਦਾ। ਪਰ ਜਿੰਨਾ ਅਸੀਂ ਕਰ ਸਕਦੇ ਹਾਂ ਉਹਦੀ ਉਮੀਦ ਉਹ ਜ਼ਰੂਰ ਕਰਦਾ ਹੈ।

ਪੌਲੁਸ ਕੀ ਕਰ ਸਕਿਆ? ਉਹ ਖੁਸ਼ਖ਼ਬਰੀ ਦਾ ਪ੍ਰਚਾਰ ਕਰ ਸਕਿਆ ਸੀ। ਸੀਲਾਸ ਅਤੇ ਤਿਮੋਥਿਉਸ ਅਜੇ ਪਹੁੰਚੇ ਨਹੀਂ ਸਨ[9] ਪਰ ਫਿਰ ਵੀ ਪੌਲੁਸ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ''ਇਸ ਲਈ ਉਹ ਸਮਾਜ ਵਿਚ ਯਹੂਦੀਆਂ ਅਤੇ ਭਗਤ ਲੋਕਾਂ ਦੇ ਨਾਲ ਅਤੇ ਰੋਜ਼ ਬਜ਼ਾਰ ਵਿਚ ਉਨ੍ਹਾਂ ਨਾਲ ਜੋ ਉਸ ਨੂੰ ਮਿਲਦੇ ਸਨ ਗਿਆਨ ਗੋਸ਼ਟ[10] ਕਰਦਾ ਸੀ'' (ਆਇਤ 17)। ਆਪਣੀ ਆਦਤ ਮੁਤਾਬਕ ਉਹ ਸੱਬਤ ਦੇ ਦਿਨ ਪ੍ਰਾਰਥਨਾ ਭਵਨ ਵਿਚ ਗਿਆ (ਆਇਤ 2)। ਐਤਵਾਰ ਤੋਂ ਸ਼ੁੱਕਰਵਾਰ ਤਕ, ਚੌਂਕ ਭਾਵ ਅਗੋਰਾ ਵਿਚ ''ਜੋ ਉਸ ਨੂੰ ਮਿਲਦੇ ਸਨ'' ਉਹ ਉਨ੍ਹਾਂ ਸਭਨਾਂ ਨਾਲ ਬਾਈਬਲ ਦੀਆਂ ਸੱਚਾਈਆਂ ਸਾਂਝੀਆਂ ਕਰਦਾ ਸੀ। ਦੂਜੇ ਸ਼ਹਿਰਾਂ ਵਿਚ ਸੱਭਿਆਚਾਰਕ, ਵਪਾਰਕ ਅਤੇ ਧਾਰਮਿਕ ਕੇਂਦਰ ਨੂੰ ਅਗੋਰਾ ਕਿਹਾ ਜਾਂਦਾ ਹੈ। ਅਥੇਨੇ ਵਿਚ

ਅਗੋਰਾ ਸਿੱਖਿਆ ਦਾ ਕੇਂਦਰ ਵੀ ਸੀ ਜਿੱਥੇ ਦਾਰਸ਼ਨਿਕ ਲੋਕ ਇਕੱਠੇ ਹੁੰਦੇ ਸਨ।[11] ਸੁਕਰਾਤ, ਅਫ਼ਲਾਤੂਨ ਅਤੇ ਅਰਸਤੂ ਨੇ ਅਥੇਨੇ ਦੇ ਚੌਂਕ (ਅਗੋਰਾ) ਵਿਚ ਹੀ ਪੜ੍ਹਾਇਆ ਸੀ।

ਆਇਤ 21 ਵਿਚ ਲੂਕਾ ਨੇ ਇਹ ਸੰਪਾਦਕੀ ਟਿੱਪਣੀ ਜੋੜ ਦਿੱਤੀ, ''(ਸਾਰੇ ਅਥੇਨੀ ਲੋਕ ਅਤੇ ਜਿਹੜੇ ਪਰਦੇਸੀ[12] ਉੱਥੇ ਰਹਿੰਦੇ ਸਨ, ਨਵੀਆਂ ਨਵੀਆਂ ਗੱਲਾਂ ਸੁਣਨ ਅਤੇ ਸੁਣਾਉਣ ਤੋਂ ਬਿਨਾਂ ਆਪਣਾ ਵਕਤ ਹੋਰ ਕਿਸੇ ਗੱਲ ਵਿਚ ਨਹੀਂ ਕੱਟਦੇ ਸਨ।)''[13] ਉਹ ਸੱਚਾਈ ਦੀ ਖੋਜ ਕਰਨ ਦਾ ਦਾਅਵਾ ਕਰਦੇ ਸਨ ਪਰ[14] ਅਸਲ 'ਚ ਉਹ ਕੁਝ ਨਵੇਂ ਦੀ ਖੋਜ ਵਿਚ ਰਹਿੰਦੇ ਸਨ। ਦਾਰਸ਼ਨਿਕਾਂ ਨੂੰ ਨਿਚੋੜ ਤੇ ਪਹੁੰਚਣ ਦੀ ਬਜਾਏ ਨਵੇਂ-ਨਵੇਂ ਵਿਚਾਰ ਹਾਸਲ ਕਰਨਾ ਚੰਗਾ ਲਗਦਾ ਹੈ। ਹੋ ਸਕਦਾ ਹੈ ਕਿ ਅਥੇਨੇ ਦੇ ਲੋਕਾਂ ਦਾ ''ਕੁਝ ਨਵਾਂ'' ਸੁਣਨ ਦਾ ਕੁਦਰਤੀ ਰੁਝਾਨ ਸਲਾਹੁਣ ਯੋਗ ਨਾ ਹੋਵੇ ਪਰ ਇਸ ਨਾਲ ਪੌਲੁਸ ਨੂੰ ਇੰਜੀਲ ਸੁਣਾਉਣ ਦਾ ਚੰਗਾ ਮੌਕਾ ਮਿਲ ਗਿਆ।

ਡਿਨੋ ਰੂਸੋ ਨਾਂਅ ਦਾ ਇਕ ਪ੍ਰਚਾਰਕ ਜੋ ਅਥੇਨੇ ਵਿਚ ਕੰਮ ਕਰਦਾ ਸੀ, ਦਾ ਕਹਿਣਾ ਹੈ ਕਿ ਅਥੇਨੇ ਦੇ ਲੋਕ ਅੱਜ ਵੀ ਉਹੋ ਜਿਹੇ ਹੀ ਹਨ ਭਾਵ ਅਥੇਨੇ ਵਿਚ ਅੱਜ ਵੀ ਆਮ ਤੌਰ ਤੇ ਇਕ ਦੂਜੇ ਦੇ ਮਿਲਣ ਤੇ ਇਹੀ ਪੁੱਛਿਆ ਜਾਂਦਾ ਹੈ ਕਿ ''ਕੀ ਖ਼ਬਰ ਹੈ?'' ਪਰ ਉਹ ਟਿੱਪਣੀ ਕਰਦਾ ਹੈ ਕਿ ਪੌਲੁਸ ਦੇ ਵਕਤ ਵਿਸ਼ਾ ਫ਼ਿਲਾਸਫ਼ੀ ਸੀ ਜਦ ਕਿ ਅੱਜ ਸਿਆਸਤ ਹੈ; ਕਿਸੇ ਅਥੇਨੇ ਵਾਸੀ ਨੂੰ ਇਹ ਖ਼ਿਆਲ ਚੰਗਾ ਲਗਦਾ ਹੈ ਕਿ ''ਕਾਸ਼! ਉਹ ਸਿਰਫ਼ ਚੌਵ੍ਹੀ ਘੰਟਿਆਂ ਲਈ ਹੀ ਸਰਕਾਰ ਚਲਾ ਸਕੇ।''

ਜਿਨ੍ਹਾਂ ਨੇ ਚੌਂਕ ਵਿਚ ਪੌਲੁਸ ਨਾਲ ਬਹਿਸ ਕੀਤੀ ਸੀ ਉਨ੍ਹਾਂ ਦਾ ਸੰਬਧ ਅਥੇਨੇ ਵਿਚ ਵਿਚਾਰ ਦੀਆਂ ਦੋ ਵੱਡੀਆਂ ਸੰਸਥਾਵਾਂ ਨਾਲ ਸੀ। ਆਇਤ 18ੳ ਵਿਚ ਕਿਹਾ ਗਿਆ ਹੈ ਕਿ ''ਅਪਿਕੂਰੀ ਅਰ ਸਤੋਇਕੀ ਪੰਡਤਾਂ ਵਿੱਚੋਂ ਵੀ ਕਈ ਕੁ [ਪੌਲੁਸ] ਨਾਲ ਟੱਕਰਨ ਲੱਗੇ।'' ਅਪਿਕੂਰੀ ਲੋਕ ਦਾਰਸ਼ਨਿਕ ਅਪਿਕੂਰ (340-270 ਈ. ਪੂ.) ਦੇ ਪੈਰੋਕਾਰ ਸਨ। ਅੱਜ ਉਹ ਮਨੁੱਖ ਦੀ ਹੋਂਦ ਦੇ ਮਕਸਦ ਨੂੰ ''ਭੋਗ ਵਿਲਾਸ ਦੇ ਪਿੱਛੇ'' ਲੱਗਣ ਲਈ ਜਾਣੇ ਜਾਂਦੇ ਹਨ। ''ਭੋਗ ਵਿਲਾਸ'' ਤੋਂ ਅਪਿਕੂਰੀ ਗੁਰੂਆਂ ਦਾ ਭਾਵ ਸੀ ਕਿ ਕਸ਼ਟ ਅਤੇ ਦੁੱਖ ਦਾ ਨਾ ਹੋਣਾ। ਧਰਮ ਬਾਰੇ ਅਪਿਕੂਰੀ ਲੋਕ ਭੌਤਿਕਵਾਦੀ ਦੇਵਵਾਦੀ ਸਨ ਭਾਵ ਉਹ ਦੇਵਤਿਆਂ ਦੀ ਹੋਂਦ ਨੂੰ ਮੰਨਦੇ ਸਨ ਪਰ ਉਨ੍ਹਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਨੂੰ ਦੁਨੀਆਂ ਤੋਂ ਐਨੀ ਦੂਰ ਕੱਢ ਦਿੱਤਾ ਗਿਆ ਹੈ ਕਿ ਉਹ ਇਸ ਦੇ ਕੰਮਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਭਾਵੇਂ ਅਪਿਕੂਰੀ ਗੁਰੂਆਂ ਨੇ ਅਨੰਦ ਦੀ ਪਰਿਭਾਸ਼ਾ ਇੰਦਰੀਆਂ ਨਾਲ ਨਹੀਂ ਜੋੜੀ ਸੀ ਪਰ ਇਸ ਫ਼ਲਸਫ਼ੇ ਦਾ ਕਾਮੁਕਤਾ ਉੱਤੇ ਕਾਬੂ ਨਹੀਂ ਸੀ। ਅਖ਼ੀਰ ਕਈ ਲੋਕਾਂ ਲਈ ਇਹ ਹਾਲਤ ਇਕ ਮਸ਼ਹੂਰ ਫ਼ਲਸਫ਼ੇ ਵਿਚ ਬਦਲ ਗਈ ਕਿ ''ਖਾਓ ਪੀਓ ਮੌਜ ਕਰੋ, ਕੱਲ ਤਾਂ ਮਰ ਹੀ ਜਾਣਾ ਹੈ'' (ਵੇਖੋ 1 ਕੁਰਿੰਥੀਆਂ 15:32)। ਅੱਜ ''ਅਪਿਕੂਰ'' ਸ਼ਬਦ ਦੀ ਵਰਤੋਂ ਖਾਣ ਪੀਣ ਦੇ ਸ਼ੌਕੀਨ, ਚਟਕੋਰੇ ਬੰਦੇ ਲਈ ਕੀਤੀ ਜਾਂਦੀ ਹੈ।

ਸਤੋਇਕੀ ਲੋਕ ਦਾਰਸ਼ਨਿਕ ਜ਼ੀਨੋ (ਲਗਭਗ 340-265 ਈ. ਪੂ) ਦੇ ਚੇਲੇ ਸਨ। ਉਨ੍ਹਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਸਤੋਇਕੀ ''ਡਿਓੜ੍ਹੀ'' ਲਈ ਯੂਨਾਨੀ ਸ਼ਬਦ *stoa*[15] ਤੋਂ ਨਿੱਕਲਿਆ ਹੈ। ਜ਼ੀਨੋ ਅਥੇਨੇ ਦੇ ਚੌਂਕ ਵਿਚ ''ਰੰਗ ਕੀਤੇ ਸਤੋਇਆ'' ਵਿਚ ਪੜ੍ਹਾਉਂਦਾ ਸੀ ਅਤੇ ਉਹ ਅਜੇ ਵੀ ਉਨ੍ਹਾਂ ਦੇ ਇਕੱਠੇ ਹੋਣ ਦੀ ਪ੍ਰਮੁੱਖ ਥਾਂ ਹੈ।[16] ਸਤੋਇਕੀ ਲੋਕ ਫ਼ਰਜ਼ ਨੂੰ ਸਭ ਤੋਂ ਵੱਧ ਅਹਿਮੀਅਤ ਦਿੰਦੇ ਸਨ; ਉਹ ਇੰਦਰੀਆਂ ਨੂੰ ਵੱਸ ਵਿਚ ਕਰਨ ਅਤੇ ਸਰੀਰ ਦਾ ਇਨਕਾਰ ਕਰਨ ਤੇ ਜ਼ੋਰ ਦਿੰਦੇ ਸਨ। ਧਰਮ ਬਾਰੇ ਸਤੋਇਕੀ ਲੋਕ ਭੌਤਿਕ ਸਰਵੇਸ਼ਵਰਵਾਦੀ ਸਨ

ਭਾਵ ਉਨ੍ਹਾਂ ਲਈ ਖ਼ੁਦਾ ਇਕ ਗੈਰਸ਼ਖ਼ਸੀ ਸ਼ਕਤੀ ਸੀ ਜੋ ਕਣ-ਕਣ ਵਿਚ ਮੌਜੂਦ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਜੋ ਹੋਣਾ ਹੈ ਉਹ ਸਭ ਪਹਿਲਾਂ ਤੋਂ ਲਿਖਿਆ ਹੋਇਆ ਹੈ ਇਸ ਕਰਕੇ ਜੋ ਹੋ ਰਿਹਾ ਹੈ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਅੱਜ ''ਸਤੋਇਕੀ'' ਸ਼ਬਦ ਦੀ ਵਰਤੋਂ ਅਸੀਂ ਅਜਿਹੇ ਆਦਮੀ ਲਈ ਕਰਦੇ ਹਾਂ ਜੋ ਭੌਤਿਕ ਅਤੇ ਭਾਵਨਾਤਮਕ ਪਰੇਸ਼ਾਨੀ ਕਰਕੇ ਉਦਾਸੀਨ ਹੋਵੇ। ਅਪਿਕੂਰੀ ਫ਼ਿਲਾਸਫ਼ੀ ਅਖ਼ੀਰ ਚਟਕੋਰੇਪਨ ਵਿਚ, ਜਦ ਕਿ ਸਤੋਇਕੀ ਫ਼ਿਲਾਸਫੀ ਆਦਮੀ ਦੀ ਆਤਮ ਨਿਰਭਰਤਾ ਨੂੰ ਵਧਾ ਕੇ ਘਮੰਡ ਵਿਚ ਬਦਲ ਗਈ।

ਅਪਿਕੂਰੀ ਅਤੇ ਸਤੋਇਕੀ ਲੋਕ ਯੂਨਾਨੀ ਫ਼ਿਲਾਸਫ਼ੀ ਦੇ ਵਿਰੋਧੀ ਵਿਚਾਰਾਂ ਦੀ ਨੁਮਾਇੰਦਗੀ ਤਾਂ ਕਰਦੇ ਸਨ ਪਰ ਇਨ੍ਹਾਂ ਫ਼ਿਲਾਸਫ਼ੀਆਂ ਵਿਚ ਬਹੁਤ ਕੁਝ ਸਾਂਝਾ ਸੀ: ਦੋਹਾਂ ਵਿਚ ਹੀ ਆਦਮੀ ਅਤੇ ਉਹਦੀ ਕਾਬਲੀਅਤ ਨੂੰ ਮਹੱਤਵ ਦਿੱਤਾ ਜਾਂਦਾ ਸੀ। ਇਨ੍ਹਾਂ ਵਿੱਚੋਂ ਕੋਈ ਵੀ ਨਿੱਜੀ ਤੌਰ ਤੇ ਖ਼ੁਦਾ ਦੀ ਲੋੜ ਨੂੰ ਕਬੂਲਦਾ ਨਹੀਂ ਸੀ, ਨਾ ਹੀ ਕੋਈ ਮੌਤ ਦੇ ਬਾਅਦ ਹੋਸ਼ ਵਿਚ ਹੋਣ ਨੂੰ ਮੰਨਦਾ ਸੀ। ਦੋਵੇਂ ਹੀ ਸੱਚਾਈ ਬਾਰੇ ਮੁਤਅੱਸਬ ਦੀਆਂ ਗੱਲਾਂ ਤੋਂ ਪਰੇਸ਼ਾਨ ਸਨ ਇਸ ਲਈ ਦੋਹਾਂ ਦਰਸ਼ਨਾਂ ਨਾਲ ਜੁੜੇ ਲੋਕ ਪੌਲੁਸ ਦੀ ਸਿੱਖਿਆ ਤੋਂ ਡਰੇ ਹੋਏ ਸਨ।

ਲੂਕਾ ਦੇ ਮੁਤਾਬਕ ਵਚਨ ਦੇ ਸਬੰਧ ਵਿਚ ਦਾਰਸ਼ਨਕਾਂ ਵਿਚ ਮਤਭੇਦ ਸਨ। ''ਅਤੇ ਕਈਆਂ ਨੇ ਆਖਿਆ ਜੋ ਇਹ ਬਕਵਾਦੀ ਕੀ ਕਹਿਣਾ ਚਾਹੁੰਦਾ ਹੈ?'' (ਆਇਤ 18ਅ)। ''ਬਕਵਾਦੀ'' ''ਬੀ'' (*sperm*) ਦੇ ਨਾਲ ''ਚੁਣਨ'' (*lego*) ਦੇ ਅਰਥ ਵਾਲੇ ਮਿਸ਼ਰਤ ਯੂਨਾਨੀ ਸ਼ਬਦ *spermologos* ਦਾ ਅਨੁਵਾਦ ਹੈ।[17] ਮੂਲ ਵਿਚ ਇਹਦਾ ਅਰਥ ਹੈ ''ਬੀ ਚੁੱਕਣ ਵਾਲਾ'' ਭਾਵ ਸੀਡ ਪਿੱਕਰ ਅਤੇ ਇਹ ਉਨ੍ਹਾਂ ਪੰਛੀਆਂ ਲਈ ਵਰਤਿਆ ਜਾਂਦਾ ਸੀ ਜੋ ਇਧਰੋਂ ਉਧਰੋਂ ਬੀ ਚੁਗ ਕੇ ਗੁਜ਼ਾਰਾ ਕਰਦੇ ਸਨ। ''ਸੀਡ ਪਿੱਕਰ'' ਜਾਂ ਬੀ ਚੁਗਣ ਵਾਲਾ ਅਥੇਨੇ ਦੀ ਦੇਹਾਤੀ ਬੋਲੀ ਵਿਚ ਉਸ ਧਾਰਮਿਕ ਪ੍ਰਚਾਰਕ ਨੂੰ ਕਿਹਾ ਜਾਂਦਾ ਸੀ ਜੋ ਕਈ ਵਸੀਲਿਆਂ ਤੋਂ ਵਿਚਾਰ ਇਕੱਠੇ ਕਰਕੇ ਇਕ ਬੇਕਾਰ ਜਿਹੀ ਫ਼ਿਲਾਸਫ਼ੀ ਬਣਾ ਲੈਂਦਾ ਸੀ।[18]

''ਪਰ ਕਈ ਬੋਲੇ ਜੋ ਇਹ ਤਾਂ ਪਰਾਏ ਦੇਵਤਿਆਂ ਦਾ ਦੱਸਣ ਵਾਲਾ ਮਲੂਮ ਹੁੰਦਾ ਹੈ ਕਿਉਂ ਜੋ ਉਹ ਯਿਸੂ ਦੀ ਅਰ ਕਿਆਮਤ ਦੀ ਖੁਸ਼ ਖਬਰੀ ਸੁਣਾਉਂਦਾ ਸੀ'' (ਆਇਤ 18ੲ)। ਪੌਲੁਸ ਦੇ ਵਿਸ਼ਿਆਂ ਤੇ ਧਿਆਨ ਦਿਓ। ਅਥੇਨੇ ਵਿਚ ਪੌਲੁਸ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਦੱਸਣ ਵਾਲੇ ਆਖਦੇ ਹਨ ਕਿ ਪੌਲੁਸ ਨੇ ਉੱਥੇ ਵੇਖਿਆ ਕਿ ਫ਼ਿਲਾਸਫ਼ੀ ਦਾ ਫ਼ਾਇਦਾ ਨਹੀਂ ਹੈ, ਸੋ ਉਹਨੇ ਕੁਰਿੰਥੁਸ ਵਿਚ ਜਾ ਕੇ ਆਪਣਾ ਤਰੀਕਾ ਬਦਲ ਲਿਆ ਅਤੇ ''ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ'' (1 ਕੁਰਿੰਥੀਆਂ 2:1, 2) ਦਾ ਪ੍ਰਚਾਰ ਕਰਨ ਲੱਗ ਪਿਆ। ਪਰ ਲੂਕਾ ਮੁਤਾਬਕ ਪੌਲੁਸ ਦਾ ਮੂਲ ਸੰਦੇਸ਼ ਅਥੇਨੇ ਵਿਚ ਵੀ ਉਹੀ ਸੀ ਜੋ ਕੁਰਿੰਥੁਸ ਵਿਚ ਸੀ। ਯੂਨਾਨੀ ਸ਼ਬਦ ਦੇ ਅਨੁਵਾਦ ''ਪ੍ਰਚਾਰ'' ਦਾ ਮੂਲ ਅਰਥ ''ਇੰਜੀਲ ਦਾ ਪ੍ਰਚਾਰ ਕਰਨਾ'' ਹੈ। ''ਖੁਸ਼ਖ਼ਬਰੀ'' ਦੀ ਮੁੱਖ ਗੱਲ ''ਯਿਸੂ ਦਾ ਜੀ ਉੱਠਣਾ'' ਸੀ।

ਅਥੇਨੇ ਦੇ ਲੋਕ ਪੌਲੁਸ ਦੀਆਂ ਗੱਲਾ ਸਮਝ ਗਏ ਸਨ ਪਰ ਉਹ ਜਾਣਨਾ ਚਾਹੁੰਦੇ ਸਨ ਕਿ ਉਹਦੇ ਕਹਿਣ ਦਾ ਕੀ ਭਾਵ ਹੈ। ਆਪਣੀ ਸੋਚ ਮੁਤਾਬਕ ਉਨ੍ਹਾਂ ਨੇ ਕਿਹਾ ਕਿ ਪੌਲੁਸ ''ਦੂਜੇ ਦੇਵਤਿਆਂ ਦਾ ਪ੍ਰਚਾਰਕ'' ਹੈ। ਬਹੁਵਚਨ ਰੂਪ ''ਦੇਵਤਿਆਂ'' ਤੇ ਧਿਆਨ ਦਿਓ। ਪੌਲੁਸ ਦੁਆਰਾ ''ਯਿਸੂ ਅਤੇ ਜੀ ਉੱਠਣ'' ਦਾ ਪ੍ਰਚਾਰ ਕਰਨ ਤੇ ਉਨ੍ਹਾਂ ਨੇ ਨਿਚੋੜ ਕੱਢਿਆ ਕਿ ਉਹ ਦੋ ਦੇਵਤਿਆਂ ਦੀ ਸਿੱਖਿਆ ਦੇ ਰਿਹਾ ਹੈ ਜਿਨ੍ਹਾਂ ਵਿੱਚੋਂ ਇਕ ਦਾ ਨਾਂਅ ''ਯਿਸੂ'' ਅਤੇ ਦੂਜੇ ਦਾ ਨਾਂਅ ''ਜੀ ਉੱਠਣ'' ਹੈ। ਉਨ੍ਹਾਂ ਦੇ ਬਹੁਤ ਸਾਰੇ ਦੇਵਤੇ ਆਪਣੀਆਂ ਖ਼ਾਸੀਅਤਾਂ ਜਿਵੇਂ ਸੱਚ

ਅਤੇ ਸੁੰਦਰਤਾ ਨਾਲ ਪਛਾਣੇ ਜਾਂਦੇ ਸਨ ਇਸ ਲਈ ਉਨ੍ਹਾਂ ਨੇ ਕਿਆਫ਼ਾ ਲਾਇਆ ਹੋਵੇਗਾ ਕਿ *anastasis* (ਭਾਵ ''ਜੀ ਉੱਠਣਾ'') ਕਿਸੇ ਦੇਵਤੇ ਦਾ ਨਾਂਅ ਹੈ।[19]

ਇਹ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਅਨੁਵਾਦ ਹੋਏ ਵਾਕਾਂਸ਼ ''ਪਰਾਏ ਦੇਵਤਿਆਂ'' ਦਾ ਮੂਲ ਅਰਥ ''ਬਾਹਰੀ ਬਦਰੂਹ'' ਸੀ। ਯੂਨਾਨੀਆਂ ਦੇ ਖ਼ਿਆਲ ਮੁਤਾਬਕ ਬਦਰੂਹ ਉਹ ਆਦਮੀ ਹੁੰਦਾ ਹੈ ਜੋ ਮਰ ਚੁੱਕਿਆ ਹੈ (ਆਮ ਤੌਰ ਤੇ ਬਦਕਾਰ), ਪਰ ਜਿਹਦੀ ਰੂਹ ਭਟਕ ਰਹੀ ਹੋਵੇ।[20] ਉਹ ਪਹਿਲਾਂ ਹੀ ਹਜ਼ਾਰਾਂ ਬਦਰੂਹਾਂ ਦੀ ਪੂਜਾ ਕਰਦੇ ਸਨ ਅਤੇ ਹੁਣ ਬਾਹਰ ਦੇ ਇਸ ਬੀ ਚੁਗਣ ਵਾਲੇ ਨੇ ਨਵੇਂ ਦੇਵਤਿਆਂ ਵੱਲ ਉਨ੍ਹਾਂ ਦਾ ਧਿਆਨ ਖਿੱਚਿਆ ਸੀ!

ਹੋ ਸਕਦਾ ਹੈ ਕਿ ਉਨ੍ਹਾਂ ਨੇ ਪੌਲੁਸ ਨੂੰ ਸਮਝਣ ਵਿਚ ਗ਼ਲਤੀ ਕੀਤੀ ਹੋਵੇ, ਪਰ ਉਸ ਨੇ ਉਨ੍ਹਾਂ ਦੀ ਤਾਂਘ ਨੂੰ ਵਧਾ ਦਿੱਤਾ ਸੀ, ਜਿਸ ਕਰਕੇ ''ਉਹ ਉਸ ਨੂੰ ਫੜ ਕੇ ਅਰਿਉਪਗੁਸ ਉੱਤੇ ਲੈ ਗਏ'' (ਆਇਤ 19ੳ)। ''ਅਰਿਉਪਗੁਸ''[21] ਨਾਂਅ ਮੂਲ ਲਿਖਤਾਂ ਵਿਚ *Areion pagon* ਤੋਂ ਨਿੱਕਲਿਆ ਹੈ। ''ਅਰਿਸ'' ਯੂਨਾਨ ਦੇ ਯੁੱਧ ਦੇਵਤਾ (ਰੋਮੀ ਦੇਵਤਾ ਮਾਰਸ ਵਾਂਗ) ਦਾ ਨਾਂਅ ਸੀ, ਅਤੇ *ਪੇਗਾਸ* ਸ਼ਬਦ ਪਹਾੜੀ ਲਈ ਸੀ। ਇਸ ਤਰ੍ਹਾਂ ''ਅਰਿਉਪਗੁਸ'' ਦਾ ਸ਼ਬਦੀ ਅਰਥ ''ਅਰਿਸ ਪਹਾੜੀ [ਜਾਂ ਪਹਾੜ]'' (ਜਾਂ ਹੋਰ ਮਸ਼ਹੂਰ ਯੂਨਾਨੀ ਸ਼ਬਦ ''ਮਾਰਸ ਪਹਾੜ'') ਹੈ। ਇਹ ਪਹਾੜੀ ਅਗੋਰਾ ਦੇ ਦੱਖਣ ਵੱਲ, ਅਕਰੋਪੁਲਿਸ ਦੇ ਹੇਠਾਂ ਸੀ ਅਤੇ ਹੁਣ ਵੀ ਹੈ। ਯੂਨਾਨੀ ਦੰਦਕਥਾ ਮੁਤਾਬਕ ਅਰਿਸ (ਜੋ ਹਮੇਸ਼ਾ ਲੜਾਈ ਹੀ ਚਾਹੁੰਦਾ ਸੀ) ਉੱਤੇ ਪੋਸੇਦੋਨ[22] ਦੇ ਪੁੱਤਰ ਦੇ ਕਤਲ ਸਮੇਂ ਇਸ ਪਹਾੜੀ ਤੇ ਮੁਕੱਦਮਾ ਚੱਲਿਆ ਸੀ ਅਤੇ ਉਹ ਬੇਕਸੂਰ ਠਹਿਰਾਇਆ ਗਿਆ ਸੀ।[23] ਅਥੇਨੇ ਦੀ ਬੇਹੱਦ ਪੁਰਾਣੀ ਅਤੇ ਮਰਿਆਦਤ ਅਦਾਲਤ ਇਸੇ ਪਹਾੜੀ ਤੇ ਬਣ ਗਈ ਜਿਹਦਾ ਨਾਂਅ ਇਸ ਥਾਂ ਦੇ ਨਾਂਅ ਤੇ ਅਰਿਉਪਗੁਸ ਪੈ ਗਿਆ। ਨਵੇਂ ਨੇਮ ਦੇ ਸਮੇਂ ਇਹ ਅਦਾਲਤ ਓਨੀ ਤਾਕਤਵਰ ਨਹੀਂ ਸੀ ਜਿੰਨੀ ਪਹਿਲੇ ਹੁੰਦੀ ਸੀ, ਪਰ ਅਜੇ ਵੀ ਇਹਦਾ ਅਸਰ ਹੈ ਸੀ।[24] ਖ਼ਾਸ ਮੌਕਿਆਂ ਤੇ ਕਚਿਹਰੀ ਇਸੇ ਪਹਾੜੀ ਤੇ ਲਗਦੀ ਸੀ, ਪਰ ਆਮ ਸਭਾਵਾਂ ਅਗੋਰਾ ਦੇ ਉੱਤਰ ਪੂਰਬੀ ਸ਼ਾਹੀ ਬਰਾਂਡੇ ਵਿਚ ਹੁੰਦੀਆਂ ਸਨ।

''ਅਰਿਉਪਗੁਸ'' ਨਾਂਅ ਪਹਾੜੀ ਅਤੇ ਅਦਾਲਤ ਦੋਹਾਂ ਲਈ ਵਰਤਿਆ ਜਾਣ ਕਾਰਣ, ਸਵਾਲ ਪੈਦਾ ਹੁੰਦੇ ਹਨ ਕਿ ਪੌਲੁਸ ਨੂੰ ਕਿੱਥੇ ਲਿਜਾਇਆ ਗਿਆ ਸੀ ਅਤੇ ਕਦੋਂ ਲਿਜਾਇਆ ਗਿਆ। ਭਾਵ ਉਹਨੂੰ ਪਹਾੜੀ ਦੇ ਸਿਰੇ ਤੇ ਲਿਜਾਇਆ ਗਿਆ ਜਾਂ ਅਗੋਰਾ ਵਿਚ ਉਸ ਥਾਂ ਤੇ ਜਿੱਥੇ ਆਮ ਤੌਰ ਤੇ ਕਚਿਹਰੀ ਲਗਦੀ ਹੁੰਦੀ ਸੀ?[25] ਕਿਤੇ ਵੀ ਲਿਜਾਇਆ ਗਿਆ ਹੋਵੇ ਇਹ ਸੁਣਵਾਈ ਲੋਕਾਚਾਰੀ ਸੀ ਜਾਂ ਗ਼ੈਰ ਰਸਮੀ? ਇਸ ਗੱਲ ਤੋਂ ਕਿ ਅਦਾਲਤ ਦਾ ਇਕ ਅਧਿਕਾਰੀ (ਇਕ ਅਰਿਉਪਗੀ) ਮਸੀਹੀ ਬਣ ਗਿਆ ਸੀ (ਆਇਤ 34) ਇਹ ਸੰਕੇਤ ਮਿਲੇਗਾ ਕਿ ਅਦਾਲਤ ਦੇ ਲੋਕਾਂ ਵਿਚ ਘੱਟੋ ਘੱਟ ਕੁਝ ਉੱਥੇ ਸਨ ਤਾਂ ਹੋ ਸਕਦਾ ਹੈ ਕਿ ਪੌਲੁਸ ਉੱਤੇ ਬਾਹਰ ਦੇ ਦੇਵਤਿਆਂ ਦਾ ਪ੍ਰਚਾਰ ਕਰਨ ਕਰਕੇ ਮੁਕੱਦਮਾ ਚਲਾਇਆ ਗਿਆ ਹੋਵੇ।[26] ਬੈਠਕ ਦੇ ਅਖ਼ੀਰ ਵਿਚ (ਆਇਤਾਂ 32, 33) ਲਗਦਾ ਹੈ ਕਿ ਇਹ ਇਕ ਗ਼ੈਰ ਰਸਮੀ ਸੁਣਵਾਈ ਸੀ।

ਪੌਲੁਸ ਨੂੰ ਇਕ ਪਾਸੇ ਲਿਜਾਨ ਦਾ ਅਸਲ ਮਕਸਦ ਜੋ ਵੀ ਹੋਵੇ, ਰਵਾਇਤ ਮੁਤਾਬਕ ਉਹਨੂੰ ਅਰਿਉਪਗੁਸ ਨਾਮਕ ਪਹਾੜੀ ਦੇ ਸਿਰੇ ਤੇ ਲਿਜਾਇਆ ਗਿਆ ਸੀ,[27] ਅਤੇ ਅਗਲੇ ਪਾਠ ਵਿਚ ਵਰਤੇ ਜਾਣ ਲਈ ਇਹ ਨੁਕਤਾ ਸਹੀ ਰਹੇਗਾ। ਪਹਾੜੀ ਦੇ ਇਕ ਸਿਰੇ ਤੇ ਯੂਨਾਨੀ ਭਾਸ਼ਾ ਵਿਚ ਪੌਲੁਸ ਦੇ ਉਪਦੇਸ਼ ਦਾ ਪੂਰਾ ਸ਼ਿਲਾਲੇਖ ਇਕ ਵੱਡੇ ਤਾਂਬੇ ਦੇ ਪੱਤਰੇ ਤੇ ਲਿਖਿਆ ਗਿਆ ਹੈ।[28] ''ਮਾਰਸ ਪਹਾੜੀ'' ਤੇ ਖਲੋ ਕੇ ਮੈਂ ਉੱਤਰ ਵੱਲ 377 ਫੁੱਟ ਹੇਠਾਂ ਪੁਰਾਣੇ

ਅਗੋਰਾ ਅਤੇ ਪੱਛਮ ਵੱਲ ਆਪਣੇ ਤੋਂ ਉੱਪਰ 135 ਫੁੱਟ ਅਕਰੋਪੁਲਿਸ ਨੂੰ ਵੇਖਿਆ।

ਪੌਲੁਸ ਨੂੰ ਲੜਾਈ ਦੇ ਦੇਵਤਾ ਵੱਲੋਂ ਅਗੋਰਾ ਵਿਚ ਕੀਤੇ ਕੰਮ ਕਰਕੇ ਓਸੇ ਨੂੰ ਸਮਰਪਤ ਪਹਾੜੀ ਤੇ ਸ਼ਾਂਤੀ ਦੇ ਰਾਜ ਕੁਮਾਰ ਬਾਰੇ ਦੱਸਣ ਦਾ ਨਿਰਾਲਾ ਮੌਕਾ ਮਿਲਿਆ ਸੀ। ਜਦ ਸਾਨੂੰ ਲੱਗੇ ਕਿ ਅਸੀਂ ਕੁਝ ਨਹੀਂ ਕਰ ਸਕਦੇ, ਤਾਂ ਸਾਨੂੰ ਇਹ ਕਹਾਵਤ ਯਾਦ ਕਰ ਲੈਣੀ ਚਾਹੀਦੀ ਹੈ ਕਿ "ਮੈਂ ਇਕੱਲਾ ਹਾਂ, ਪਰ ਮੈਂ ਇਕ ਹਾਂ। ਮੈਂ ਸਭ ਕੁਝ ਨਹੀਂ ਕਰ ਸਕਦਾ, ਪਰ ਮੈਂ ਕੁਝ ਤਾਂ ਕਰ ਸਕਦਾ ਹਾਂ। ਜੋ ਵੀ ਹਾਂ, ਪਰ ਮੈਂ ਇਕ ਹਾਂ ਮੈਂ ਸਭ ਕੁਝ ਨਹੀਂ ਕਰ ਸਕਦਾ, ਪਰ ਮੈਂ ਕੁਝ ਤਾਂ ਕਰ ਸਕਦਾ ਹਾਂ। ਜੋ ਵੀ ਹੋਵੇ, ਮੈਂ ਉਸ ਨੂੰ ਖ਼ੁਦਾ ਦੀ ਮਦਦ ਨਾਲ ਪੂਰਾ ਕਰ ਲਵਾਂਗਾ!" ਪੌਲੁਸ ਨੇ ਸਾਨੂੰ ਸਭ ਨੂੰ "ਵਿੰਗੀ ਟੇਢੀ ਪੀੜ੍ਹੀ ਵਿਚ ਪ੍ਰਮੇਸ਼ਵਰ ਦੇ ਨਿਰਮਲ" ਬਾਲਕ ਦੇ ਰੂਪ ਵਿਚ ਚਮਕਣ ਦੀ ਚੁਣੌਤੀ ਦਿੱਤੀ ਹੈ (ਫ਼ਿਲਿੱਪੀਆਂ 2:15)।

## ਜੇ ਤੁਸੀਂ ਨਤੀਜਿਆਂ ਦੀ ਪਰਵਾਹ ਕੀਤੇ ਬਗ਼ੈਰ ਸਿੱਖਿਆ ਦਿੰਦੇ ਹੋ (17:19, 20, 22, 32-34)

ਅਥੇਨੇ ਦੋ ਲੋਕਾਂ ਨੇ ਆਪਣੀ ਮੰਜ਼ਿਲ (ਜੋ ਵੀ ਸੀ) ਤੇ ਪਹੁੰਚ ਕੇ ਪੌਲੁਸ ਨੂੰ ਪੁੱਛਿਆ, "ਕੀ ਅਸੀਂ ਪੁੱਛ ਸੱਕਦੇ ਹਾਂ ਭਈ ਉਹ ਨਵੀਂ ਸਿੱਖਿਆ ਜੋ ਤੂੰ ਦਿੰਦਾ ਹੈਂ ਕੀ ਹੈ? ਤੂੰ ਤਾਂ ਸਾਡੇ ਕੰਨੀਂ ਅਨੋਖੀਆਂ ਗੱਲਾਂ ਪਾਉਂਦਾ ਹੈਂ ਸੋ ਅਸੀਂ ਉਨ੍ਹਾਂ ਦਾ ਅਰਥ ਜਾਣਨਾ ਚਾਹੁੰਦੇ ਹਾਂ" (ਆਇਤ 19ਅ, 20)।

ਤੁਹਾਨੂੰ ਕੀ ਲਗਦਾ ਹੈ ਕਿ ਪੌਲੁਸ ਨੇ ਉਸ ਸੱਦੇ ਨੂੰ ਕਿਵੇਂ ਕਬੂਲ ਕੀਤਾ ਹੋਵੇਗਾ? ਇਨਸਾਨੀ ਨਜ਼ਰੀਏ ਤੋਂ ਉਹਦੇ ਪ੍ਰਚਾਰ ਦੀ "ਕਾਮਯਾਬੀ" ਅਥੇਨੇ ਵਿਚ ਦੂਰ ਦੂਰ ਤਕ ਨਜ਼ਰ ਨਹੀਂ ਆ ਰਹੀ ਸੀ। ਜੇ ਪ੍ਰਾਰਥਨਾ ਭਵਨ ਵਿਚ ਪੌਲੁਸ ਦੀ ਸਿੱਖਿਆ ਨੂੰ ਮੰਨ ਕੇ ਕੋਈ ਵਿਸ਼ਵਾਸੀ ਬਣਿਆ ਸੀ ਤਾਂ ਲੂਕਾ ਨੇ ਉਹਦਾ ਕੋਈ ਜ਼ਿਕਰ ਨਹੀਂ ਕੀਤਾ। ਅਗੋਰਾ ਵਿਚ ਪ੍ਰਚਾਰ ਕਰਨ ਦੇ ਬਾਅਦ ਪੌਲੁਸ ਉੱਤੇ "ਬਕਵਾਦੀ" ਅਤੇ "ਦੂਜੇ ਦੇਵਤਿਆਂ ਦਾ ਪ੍ਰਚਾਰਕ" ਹੋਣ ਦਾ ਠੱਪਾ ਲਗ ਚੁੱਕਾ ਸੀ। ਅਰਿਉਪਗੁਸ ਵਿਚ ਆਪਣੇ ਆਲੇ ਦੁਆਲੇ ਖੜੇ ਲੋਕਾਂ ਨੂੰ ਵੇਖ ਕੇ ਉਹਨੂੰ ਸਾਫ਼ ਲੱਗ ਰਿਹਾ ਸੀ ਕਿ ਉਨ੍ਹਾਂ ਦੀ ਦਿਲਚਸਪੀ ਉਸ ਤੋਂ ਸੱਚਾਈ ਜਾਣਨ 'ਚ ਨਹੀਂ ਸਗੋਂ ਆਪਣੀ ਜਿਗਿਆਸਾ ਸ਼ਾਂਤ ਕਰਨ ਦੀ ਸੀ। ਫਿਰ ਵੀ ਇਹ ਰਸੂਲ ਝਿਜਕਿਆ ਨਹੀਂ। "ਸੋ ਪੌਲੁਸ ਅਰਿਉਪਗੁਸ ਦੇ ਵਿਚ[29] ਖੜਾ ਹੋ ਕੇ ਕਹਿਣ ਲੱਗਾ" (ਆਇਤ 22ੳ)।

ਪੌਲੁਸ ਦੇ ਮਹਾਨ ਉਪਦੇਸ਼ ਦਾ ਵਿਸਤਾਰ ਨਾਲ ਅਧਿਐਨ ਅਸੀਂ ਅਗਲੇ ਪਾਠ ਵਿਚ ਕਰਾਂਗੇ। ਅਸੀਂ ਵੇਖਾਂਗੇ ਕਿ ਵਚਨ ਨੂੰ ਮੰਨਣ ਅਤੇ ਕਬੂਲ ਕਰਨ ਵਾਲੇ ਲੋਕ ਘੱਟ ਹੀ ਸਨ (ਆਇਤਾਂ 32-34)। ਪਰ ਹੁਣ ਲਈ ਅਸੀਂ ਇਸ ਦੀ ਪ੍ਰਾਸੰਗਿਕਤਾ ਨੂੰ ਵੇਖਦੇ ਹਾਂ: ਜਿਵੇਂ ਕਿ ਪਾਠਾਂ ਦੀ ਇਸ ਲੜੀ ਵਿਚ ਸ਼ੁਰੂ ਤੋਂ ਹੀ ਅਸੀਂ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਖ਼ੁਦਾ ਨੇ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਦਾ ਹੁਕਮ ਕੀਤਾ ਹੈ (ਮੱਤੀ 28:18-20)। ਸਾਡਾ ਕੰਮ ਪ੍ਰਚਾਰ ਕਰਨਾ ਅਤੇ ਸਿਖਾਉਣਾ ਹੈ; ਵਚਨ ਨੂੰ ਕਬੂਲ ਕਰਾਉਣਾ ਖ਼ੁਦਾ ਦਾ ਕੰਮ ਹੈ (1 ਕੁਰਿੰਥੀਆਂ 3:6, 7)। ਆਪਣੇ ਮਨ ਵਿਚ ਰੇਖਾਂਕਿਤ ਕਰ ਲਓ ਕਿ ਜੇ ਤੁਸੀਂ ਵਿਸ਼ਵਾਸ ਨਾਲ ਖ਼ੁਦਾ ਦੇ ਵਚਨ ਦਾ ਪ੍ਰਚਾਰ ਕਰਦੇ ਅਤੇ ਇਹਨੂੰ ਸਿਖਾਉਣਾ ਜਾਰੀ ਰੱਖਦੇ ਹੋ ਤਾਂ ਨਤੀਜੇ ਜੋ ਵੀ ਹੋਣ ਪਰ ਖ਼ੁਦਾ ਦੀ ਨਜ਼ਰ ਵਿਚ ਤੁਸੀਂ ਕਾਮਯਾਬ ਹੋ!

## ਜੇ ਤੁਸੀਂ ਆਪਣੀ ਪੂਰੀ ਕੋਸ਼ਿਸ਼ ਕਰਦੇ ਰਹੋ (17:22-31)

ਦੁਨੀਆਂ ਵਿਚ ਅੱਜ ਅਥੇਨੇ ਦੇ ਮੰਦਰਾਂ ਅਤੇ ਮੂਰਤੀਆਂ ਨੂੰ ਇਨਸਾਨ ਦੀ ਕਾਰੀਗਰੀ ਦਾ ਬੇਹਤਰੀਨ ਨਮੂਨਾ ਮੰਨਿਆ ਜਾਂਦਾ ਹੈ। ਅਸੀਂ ਉਨ੍ਹਾਂ ਦੀ ਕਲਾ ਅਤੇ ਭਵਨ ਨਿਰਮਾਣ ਨੂੰ ਕੁਝ ਵੀ ਨਾਂਅ ਕਿਉਂ ਨਾ ਦੇਈਏ ਪਰ ਯੂਨਾਨੀਆਂ ਨੇ ਆਪਣੇ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸੀ। ਪੌਲੁਸ ਨੇ ਵੀ ਸੱਚੇ ਅਤੇ ਜ਼ਿੰਦਾ ਖ਼ੁਦਾ ਲਈ ਕੋਈ ਕਸਰ ਨਹੀਂ ਛੱਡੀ ਸੀ। ਹੋ ਸਕਦਾ ਹੈ ਕਿ ਉਹਦੇ ਸੁਣਨ ਵਾਲਿਆਂ ਨੇ ਉਹਦੀ ਗੱਲ ਨਾ ਮੰਨੀ ਹੋਵੇ, ਪਰ ਅਰਿਸ ਪਹਾੜੀ ਉੱਤੇ ਉਹਨੇ ਨਾਸ਼ਵਾਨ ਮਨੁੱਖ ਦੁਆਰਾ ਸੁਣਾਏ ਗਏ ਸਭ ਤੋਂ ਮਹਾਨ ਉਪਦੇਸ਼ਾਂ ਵਿੱਚੋਂ ਇਕ ਸੁਣਾਇਆ ਸੀ।

ਥੋੜ੍ਹੀ ਦੇਰ ਲਈ, ਆਓ ਅਸੀਂ ਪ੍ਰਭੂ ਲਈ ਆਪਣੀ ਸੇਵਾ ਤੇ ਨਜ਼ਰ ਮਾਰੀਏ। ਕੀ ਅਸੀਂ ਹਮੇਸ਼ਾ ਉਹਨੂੰ ਆਪਣੀਆਂ ਉੱਤਮ ਵਸਤਾਂ ਦਿੰਦੇ ਹਾਂ ਜਾਂ ਕਈ ਵਾਰ ਅਸੀਂ ਉਹਦੇ ਵੱਲ ਭੋਰੇ,[30] ਧਨ, ਸ਼ਕਤੀ ਜਾਂ ਯੋਗਤਾ ਸੁੱਟ ਦਿੰਦੇ ਹਾਂ? ਨਤੀਜਾ ਜੋ ਵੀ ਹੋਵੇ, ਜੇ ਤੁਸੀਂ ਪ੍ਰਭੂ ਵਿਚ ਮਿਹਨਤ ਕਰਨ ਵਿਚ ਦਿਲੋ ਜਾਨ ਨਾਲ ਕੋਸ਼ਿਸ਼ ਕਰਦੇ ਹੋ ਤਾਂ ਤੁਸੀਂ ਕਾਮਯਾਬ ਹੋ।

## ਸਾਰ

ਪਾਠ ਦੇ ਸ਼ੁਰੂ ਵਿਚ ਅਸੀਂ ਵੇਖਿਆ ਸੀ ਕਿ ਪ੍ਰਭੂ ਦੇ ਕੰਮ ਦੀ ਕਾਮਯਾਬੀ ਨੂੰ ਨਾਪਣ ਲਈ ਅਸੀਂ ਆਮ ਤੌਰ ਤੇ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਹਾਂ: ''ਤੁਹਾਡੀ ਚਰਚ ਬਿਲਡਿੰਗ ਕਿੰਨੀ ਵੱਡੀ ਹੈ?''; ''ਕਿੰਨੇ ਲੋਕਾਂ ਦਾ ਬਪਤਿਸਮਾ ਹੋਇਆ ਹੈ?'' ਅਸੀਂ ਸਭ ਤੋਂ ਅਹਿਮ ਸਵਾਲ ਸ਼ਾਇਦ ਬਹੁਤ ਹੀ ਘੱਟ ਪੁੱਛਦੇ ਹਾਂ ਕਿ ''ਕੀ ਇੰਜੀਲ ਦਾ ਪ੍ਰਚਾਰ ਸੱਚੇ ਦਿਲੋਂ ਹੋ ਰਿਹਾ ਹੈ?''

ਜੇ ਤੁਸੀਂ ਮੇਰੇ ਸਬਕ ਦੀ ਨਿੱਜੀ ਪ੍ਰਾਸੰਗਿਕਤਾ ਨੂੰ ਨਹੀਂ ਸਮਝੇ, ਤਾਂ ਮੈਂ ਫੇਰ ਦੁਹਰਾਉਂਦਾ ਹਾਂ: ਜੇ ਤੁਸੀਂ *ਖ਼ੁਦਾ ਵੱਲੋਂ ਦਿੱਤੇ ਕੰਮ ਨੂੰ ਇਮਾਨਦਾਰੀ ਨਾਲ ਪੂਰਾ ਕਰ ਰਹੇ ਹੋ* ਤਾਂ ਤੁਸੀਂ ਕਾਮਯਾਬ ਹੋ। ਯਿਰਮਿਯਾਹ ਦੀਆਂ ਮਿਹਨਤਾਂ ਅਤੇ ਹਿਜ਼ਕੀਏਲ ਦੇ ਮੁਢਲੇ ਕੰਮ ਬਾਰੇ ਜਾਣਨ ਲਈ ਬਾਈਬਲ ਵਿੱਚੋਂ ਪੜ੍ਹੋ। ਇਨਸਾਨੀ ਨਜ਼ਰੀਏ ਤੋਂ ਦੋਵੇਂ ਹੀ ''ਨਾਕਾਮ'' ਸਨ, ਪਰ ਦੋਹਾਂ ਨੇ ਖ਼ੁਦਾ ਵੱਲੋਂ ਦਿੱਤੇ ਕੰਮਾਂ ਨੂੰ ਪੂਰਾ ਕੀਤਾ। ਖ਼ੁਦਾ ਦੀ ਨਜ਼ਰ ਵਿਚ ਦੋਵੇਂ ਕਾਮਯਾਬ ਸਨ, ਅਤੇ ਜੇ ਤੁਸੀਂ ''ਜਾ ਕੇ ਉਵੇਂ ਹੀ ਕਰਦੇ ਹੋ'' ਤਾਂ ਤੁਸੀਂ ਵੀ ਕਾਮਯਾਬ ਹੋ ਸਕਦੇ ਹੋ।

---

ਟਿੱਪਣੀਆਂ

[1]ਪਿਛਲੇ ਪੈਰ੍ਹੇ ਵਿਚ ਮੈਂ ''ਕਲੀਸੀਆ'' ਦੀ ਗੱਲ ਕੀਤੀ ਸੀ। ਪੂਰੀ ਕਲੀਸੀਆ ਉੱਤੇ ਲਾਗੂ ਕਰਨ ਲਈ ਇਸ ਪਾਠ ਦੇ ਮੁੱਖ ਸਿਰਲੇਖਾਂ ਨੂੰ ਇਕ ਵਚਨ ਤੋਂ ਬਹੁਵਚਨ ਅਤੇ ਮੱਧਮ ਪੁਰਖ ਤੋਂ ਉੱਤਮ ਪੁਰਖ ਵਿਚ ਬਦਲਿਆ ਜਾ ਸਕਦਾ ਹੈ: ''ਜੇ *ਸਾਡੇ ਦਿਲ* ਡੋਲ ਸਕਦੇ ਹੋਣ''; ''ਜੇ ਅਸੀਂ ਉਹ ਕਰੀਏ ਜੋ ਕਰ ਸਕਦੇ ਹਾਂ ...''; ਆਦਿ। [2]ਉਸ ਵਕਤ ਦੁਨੀਆਂ ਦੀਆਂ ਤਿੰਨ ਵੱਡੀਆਂ ਯੂਨੀਵਰਸਟੀਆਂ ਸਨ; ਅਥੇਨੇ ਉਨ੍ਹਾਂ ਵਿੱਚੋਂ ਇਕ ਸੀ। ਦੂਜੀਆਂ ਦੋ ਮਿਸਰ ਵਿਚ ਅਲਗਜ਼ੈਂਡਰੀਆ ਅਤੇ ਪੌਲੁਸ ਦੇ ਜੱਦੀ ਸ਼ਹਿਰ ਤਰਸੁਸ ਵਿਚ ਸਨ। ਪੌਲੁਸ ਇਨ੍ਹਾਂ ਯੂਨੀਵਰਸਟੀਆਂ ਤੋਂ ਵਾਕਫ਼ ਸੀ। [3]''ਅਕਰੋਪੁਲਿਸ'' ''ਉੱਚਾ'' (*acro*) ਅਤੇ ''ਨਗਰ'' (*polis*) ਸ਼ਬਦਾਂ ਨੂੰ ਮਿਲਾਉਂਦਾ ਇਕ ਯੂਨਾਨੀ ਸ਼ਬਦ ਹੈ। ਇਹਦਾ ਮੂਲ ਅਰਥ ਹੈ ''ਉੱਚਾ ਨਗਰ।'' ਪੁਰਾਣੇ ਜ਼ਮਾਨੇ ਵਿਚ ਜ਼ਿਆਦਾਤਰ ਸ਼ਹਿਰਾਂ ਵਿਚ ਅਕਰੋਪੁਲਿਸ ਹੁੰਦਾ ਸੀ, ਜੋ ਮੰਦਿਰਾਂ, ਲਇਬ੍ਰੇਰੀਆਂ ਆਦਿ ਦੇ ਰੂਪ ਵਿਚ ਹੀ ਨਹੀਂ ਸਗੋਂ ਕਿਸੇ ਹਮਲੇ ਵੇਲੇ ਲੋਕਾਂ

ਦੇ ਲੁਕਣ ਦਾ ਕੰਮ ਵੀ ਕਰਦਾ ਸੀ। ਨੋਟ: ਜੇ ਤੁਸੀਂ ਅਮਰੀਕਾ ਵਿਚ ਰਹਿੰਦੇ ਹੋ, ਤਾਂ ਧਿਆਨ ਦੇ ਸਕਦੇ ਹੋ ਕਿ ਅਕਰੋਪੁਲਿਸ ਪੁਰਾਣੇ ਪੱਛਮ ਦੇ ਕਿਲ੍ਹੇ ਵਾਂਗ ਅਜਿਹੇ ਮਕਸਦਾਂ ਨੂੰ ਪੂਰਾ ਕਰਨ ਲਈ ਹੁੰਦਾ ਸੀ। [4]''ਪਾਰਥਿਨੋਨ'' ''ਕੁਆਰੀ'' ਲਈ ਵਰਤਿਆ ਜਾਣ ਵਾਲਾ ਯੂਨਾਨੀ ਸ਼ਬਦ ਹੈ। ਇਹ ਅਥੇਨਾ ਨੂੰ ਸਮਰਪਤ ਕੁਆਰੀਆਂ ਦਾ ਮੰਦਰ ਸੀ। [5]ਅਥੇਨਾ ਦੀ ਇਕ ਹੋਰ ਮਸ਼ਹੂਰ ਮੂਰਤੀ ਪਾਰਥਿਨੋਨ ਦੇ ਅੰਦਰ ਸੀ, ਪਰ ਇਕ ਬਾਹਰ ਵੀ ਸੀ। [6]ਜ਼ੀਊਸ ਨੂੰ ਯੂਨਾਨੀ ਦੇਵਤਿਆਂ ਵਿਚ ਪ੍ਰਮੁੱਖ ਮੰਨਿਆ ਜਾਂਦਾ ਸੀ। ''ਰਸੂਲਾਂ ਦੇ ਕੰਮ, 3'' ਵਿਚ ''ਪੂਜਾ ਤੋਂ ਗਾਲ਼ਾਂ ਤਕ'' ਪਾਠ ਵਿਚ 14:12 ਤੇ ਨੋਟਸ ਵੇਖੋ। [7]ਮੈਂ ਅਤੇ ਮੇਰੀ ਪਤਨੀ ਜਦ ਯੂਰੋਪ ਅਤੇ ਹੋਰ ਥਾਂਵਾਂ ਵਿਚ ਘੁੰਮ ਰਹੇ ਸਾਂ, ਤਾਂ ਮੈਨੂੰ ਪੁਰਾਣੇ ਕੈਥੇਡ੍ਰਲਾਂ ਅਤੇ ਹੋਰ ਧਾਰਮਿਕ ਇਮਾਰਤਾਂ ਦੀ ਤਾਰੀਫ਼ ਕਰਨਾ ਬੜਾ ਔਖਾ ਲਗ ਰਿਹਾ ਸੀ। ਸ਼ਾਇਦ ਉਨ੍ਹਾਂ ਵਿਚ ਕਲਾ ਦੇ ਬੇਹਤਰੀਨ ਨਮੂਨੇ ਹਨ, ਪਰ ਮੇਰੇ ਲਈ ਉਹ ਖ਼ੁਦਾ ਦੇ ਇਲਾਹੀ ਇੰਤਜ਼ਾਮ ਤੋਂ ਮਨੁੱਖ ਦੇ ਦੂਰ ਹੋਣ ਦੇ ਥੰਮ੍ਹ ਹਨ (1 ਤਿਮੋਥਿਉਸ 4:1-4)। [8]ਇਸ ਕਿਤਾਬ ਵਿਚ ''ਨਾ ਡਰ'' ਪਾਠ ਵਿਚ ''ਉਸ ਵਕਤ ਦੀ ਅਤੇ ਅੱਜ ਦੀ ਬੁੱਤਪ੍ਰਸਤੀ'' ਤੇ ਵਾਧੂ ਲੇਖ ਵੇਖੋ। [9]ਅਸੀਂ ਇਹ ਪੂਰੀ ਤਰ੍ਹਾਂ ਨਹੀਂ ਜਾਣ ਸਕਦੇ ਕਿ ਸੀਲਾਸ ਅਤੇ ਪੌਲੁਸ ਅਥੇਨੇ ਵਿਚ ਕਦੇ ਪਹੁੰਚੇ ਵੀ ਜਾਂ ਨਹੀਂ। ਰਸੂਲਾਂ ਦੇ ਕੰਮ ਕਿਤਾਬ ਵਿਚ ਅਗਲੀ ਵਾਰ ਉਨ੍ਹਾਂ ਦਾ ਜ਼ਿਕਰ 18:5 ਵਿਚ ਮਿਲਦਾ ਹੈ। ਪਰ 1 ਥੱਸਲੁਨੀਕੀਆਂ 3:1, 2 ਤੋਂ ਇਹੀ ਸੰਕੇਤ ਮਿਲਦਾ ਲਗਦਾ ਹੈ ਕਿ ਤਿਮੋਥਿਉਸ ਅਥੇਨੇ ਵਿਚ ਆ ਕੇ ਪੌਲੁਸ ਨਾਲ ਫਿਰ ਰਲ ਗਿਆ, ਪਰ ਇਹ ਕਿ ਪੌਲੁਸ ਨੇ ਉਹਨੂੰ ਉਸੇ ਵੇਲੇ ਥੱਸਲੁਨੀਕੇ ਭੇਜ ਦਿੱਤਾ। ਕਈ ਲੋਕਾਂ ਦਾ ਅੰਦਾਜ਼ਾ ਹੈ ਕਿ ਸੀਲਾਸ ਵੀ ਪੌਲੁਸ ਨੂੰ ਅਥੇਨੇ ਵਿਚ ਜਾ ਮਿਲਿਆ, ਪਰ ਪੌਲੁਸ ਨੇ ਉਹਨੂੰ ਉਸੇ ਵੇਲੇ ਕਿਸੇ ਹੋਰ ਪਾਸੇ, ਸ਼ਾਇਦ ਫ਼ਿਲਿੱਪੈ ਵਿਚ ਭੇਜ ਦਿੱਤਾ। ਸੀਲਾਸ ਅਤੇ ਤਿਮੋਥਿਉਸ ਅਖ਼ੀਰ ਪੌਲੁਸ ਨੂੰ ਕੁਰਿੰਥੁਸ ਵਿਚ ਦੁਬਾਰਾ ਮਿਲ ਗਏ। [10]ਯੂਨਾਨੀ ਸ਼ਬਦ ਦੇ ਅਨੁਵਾਦ ''ਗਿਆਨ ਗੋਸ਼ਟ'' ਤੋਂ ਭਾਵ ''ਤਰਕ ਦੇਣਾ'' ਵੀ ਹੋ ਸਕਦਾ ਹੈ। ਪੌਲੁਸ ਨੇ ਬੇਸ਼ੱਕ ਸਿਨਾਗੋਗ ਵਿਚ ਯਿਸੂ ਦੇ ਮਸੀਹ ਹੋਣ ਦੀ ਵਕਾਲਤ ਕੀਤੀ ਹੋਵੇਗੀ; ਹੋ ਸਕਦਾ ਹੈ ਕਿ ਉਹਨੇ ਅਥੇਨੇ ਵਿਚ ਮੂਰਤੀਪੂਜਾ ਦੇ ਖ਼ਿਲਾਫ਼ ਬੋਲਣ ਵਿਚ ਨਾਕਾਮ ਰਹਿਣ ਤੇ ਯਹੂਦੀਆਂ ਨੂੰ ਵੀ ਝਾੜਿਆ ਹੋਵੇ।

[11]ਇਸ ਕਿਤਾਬ ਵਿਚ ''ਖ਼ੁਦਾ ਦੀ ਮਦਦ ਨਾਲ ਬਦਲਦੀਆਂ ਜ਼ਿੰਦਗੀਆਂ'' ਪਾਠ ਵਿਚ 16:19 ਤੇ ਨੋਟਸ ਵੇਖੋ। [12]ਦੁਨੀਆਂ ਭਰ ਦੇ ਲੋਕ ਅਥੇਨੇ ਵਿਚ ਪੜ੍ਹਾਈ ਕਰਨ ਆਉਂਦੇ ਸਨ। [13]ਬੇਸ਼ੱਕ ਇਸ ਵਿਚ ਕੰਮ ਕਰਨ ਵਾਲੇ ਲੋਕ ਸ਼ਾਮਿਲ ਨਹੀਂ ਹੋਣਗੇ, ਸਗੋਂ ਉਨ੍ਹਾਂ ਲੋਕਾਂ ਲਈ ਹੀ ਕਿਹਾ ਗਿਆ ਹੋਵੇਗਾ ਜੋ ਰੋਜ਼ ਅਗੋਰਾ ਵਿਚ ਭੀੜ ਲਾਈ ਰੱਖਦੇ ਸਨ। [14]ਅਰਸਤੂ ਨੇ ਦਰਸ਼ਨ-ਸਾਸ਼ਤਰ ਦੀ ਪਰਿਭਾਸ਼ਾ ''ਸੱਚਾਈ ਦਾ ਵਿਚਾਰ ਕਰਨ ਵਾਲੇ ਵਿਗਿਆਨ'' ਦੇ ਰੂਪ ਵਿਚ ਦਿੱਤੀ। [15]ਮੇਰਾ ਅੰਦਾਜ਼ਾ ਹੈ ਕਿ ਉਹ ਜ਼ੀਨੋਵਾਦੀ ਨਹੀਂ ਅਖਵਾਉਣਾ ਚਾਹੁੰਦੇ ਸਨ। [16]ਜੇ ਤੁਸੀਂ ਮੇਰੇ ਵਰਗੇ ਹੋ ਤਾਂ ''ਡਿਓੜ੍ਹੀ'' ਸ਼ਬਦ ਤੋਂ ਇਕ ਮਮੂਲੀ ਸੁਧਾਰ ਦਾ ਸੁਝਾਅ ਮਿਲਦਾ ਹੈ। ਇਹ ''ਡਿਓੜ੍ਹੀਆਂ'' ਵੱਡੀਆਂ ਵੱਡੀਆਂ ਇਮਾਰਤਾਂ, ਛੱਤੇ ਹੋਏ ਖੰਭਿਆਂ ਦੀਆਂ ਕਤਾਰਾਂ ਸਨ ਜੋ ਘੱਟੋ-ਘੱਟ ਇਕ ਪਾਸੇ ਵੱਲ ਖੁੱਲ੍ਹੀਆਂ ਹੁੰਦੀਆਂ ਸਨ। ਧਿਆਨ ਦਿਓ ਕਿ ਮੂਲ ਲਿਖਤ ਵਿਚ ''ਸੁਲੇਮਾਨ ਦਾ ਦਲਾਨ'' (KJV-ਡਿਓੜ੍ਹੀ; NIV-ਖੰਭਿਆਂ ਦੀ ਕਤਾਰ) ਲਈ ਯੂਨਾਨੀ ਸ਼ਬਦ *ਸਤੋਇਆ* ਦੀ ਵਰਤੋਂ ਕੀਤੀ ਗਈ ਹੈ (*ਟਰੁੱਥ ਫ਼ਾਰ ਟੂਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ 3:11 ਤੇ ਨੋਟਸ ਵੇਖੋ)। [17]*Lego* ਦਾ ਅਰਥ ਹਮੇਸ਼ਾ ''ਚੁੱਕਣਾ'' ਨਹੀਂ ਹੁੰਦਾ, ਪਰ ਇਸ ਸੰਦਰਭ ਵਿਚ ਇਹਦਾ ਅਰਥ ਇਹੀ ਹੈ। [18]ਇਹ ਲੋਕ ਉਸ ਜ਼ਮਾਨੇ ਵਿਚ ਆਮ ਹੁੰਦੇ ਸਨ। ਅੱਜ ਵੀ ਇਹ ਆਮ ਮਿਲਦੇ ਹਨ। [19]ਯੂਨਾਨੀ ਭਾਸ਼ਾ ਵਿਚ ''ਯਿਸੂ'' ਪੁਲਿੰਗ ਹੈ, ਜਦ ਕਿ *anastasis* ਇਸਤਰੀ ਲਿੰਗ ਹੈ। ਮੂਰਤੀਪੂਜਕ ਲੋਕ ਆਪਣੇ ਦੇਵਤਿਆਂ ਨੂੰ ਆਮ ਤੌਰ ਤੇ ਪੁਲਿੰਗ ਅਤੇ ਇਸਤਰੀਲਿੰਗ ਦੇ ਰੂਪ ਵਿਚ ਵਿਖਾਉਂਦੇ ਸਨ ਇਸ ਲਈ ਯੂਨਾਨੀਆਂ ਨੇ ਸੋਚਿਆ ਹੋਵੇਗਾ ਕਿ ਪੌਲੁਸ ਆਪਣੇ ਖ਼ੁਦਾ ਦਾ ਦੇਵੀ ਅਤੇ ਦੇਵਤਾ ਦੋਹਾਂ ਵਿਚ ਹੀ ਪ੍ਰਚਾਰ ਕਰ ਰਿਹਾ ਸੀ। [20]ਉਨ੍ਹਾਂ ਦੇ ਦਿਮਾਗ਼ ਵਿਚ ਸੀ ਕਿ ਇਨ੍ਹਾਂ ਬਦਰੂਹਾਂ ਵਿਚ ਸ਼ਕਤੀ ਹੁੰਦੀ ਹੈ, ਪਰ ਉਹ ''ਭ੍ਰਸ਼ਟ'' (ਦੇਵਤਿਆਂ ਅਤੇ ਦੇਵੀਆਂ) ਵਾਂਗ ਸ਼ਕਤੀਸ਼ਾਲੀ ਨਹੀਂ ਹੁੰਦੇ ਸਨ।

[21]ਸਿਖਲਾਈ ਅਧੀਨ ਇਕ ਪ੍ਰਚਾਰਕ ਜਿਹਦਾ ਨਾਂਅ ਨਹੀਂ ਦਿੱਤਾ ਜਾਵੇਗਾ, ਨੇ ਇਸ ਸ਼ਬਦ ਨੂੰ ''ਹੇਅਰੀ ਓਕਟੋਪਸ'' ਯਾਨੀ ਅੱਠ ਭੁਜਾਵਾਂ ਵਾਲਾ ਰੋਏਂਦਾਰ ਜਾਨਵਰ ਪੜ੍ਹਿਆ। [22]ਯੂਨਾਨੀ ਦੰਦਕਥਾ ਵਿਚ ਪੋਸੇਦੋਨ (ਰੋਮੀ ਦੇਵਤਾ ਨੈਪਚੁਨ ਵਾਂਗ) ਸਮੁੰਦਰ ਦਾ ਦੇਵਤਾ ਸੀ। [23]ਕਿਸੇ ਵਕਤ, ਪਹਾੜੀ ਉੱਤੇ ਅਰਿਸ ਦਾ ਇਕ ਮੰਦਿਰ ਸੀ। [24]ਸੁਣਿਆ ਹੈ ਕਿ ਯੂਨਾਨੀ ਅਦਾਲਤ ਜਿਸ ਨੂੰ ਅਰਿਯੁਪਗੁਸ ਕਿਹਾ ਜਾਂਦਾ ਸੀ, ਅੱਜ ਵੀ ਲਗਦੀ ਹੈ। [25]ਕੁਝ ਲੋਕਾਂ ਦਾ ਵਿਚਾਰ ਹੈ ਕਿ ''ਅਰਿਉਪਗੁਸ ਦੇ ਵਿਚ ਖੜਾ ਹੋ ਕੇ'' (ਆਇਤ 22) ਵਾਕਾਂਸ਼ ਪਹਾੜੀ ਦੀ ਬਜਾਏ ਅਦਾਲਤ ਦੀ ਹਮਾਇਤ ਕਰਦਾ ਹੈ, ਪਰ ਮੇਰਾ ਮੰਨਣਾ ਹੈ ਕਿ ਪੌਲੁਸ ਪਹਾੜੀ ਦੀ ਚੋਟੀ ਦੇ ਵਿਚਕਾਰ ਖੜਾ ਹੋ ਸਕਦਾ ਸੀ। [26]ਜੇ ਪੌਲੁਸ ਮਾਰਸ ਪਹਾੜੀ ਤੇ ਸੀ, ਤਾਂ ਸੁਕਰਾਤ ਉੱਤੇ ਮਨਜ਼ੂਰ ਸ਼ੁਦਾ ਧਰਮ ਨੂੰ ਵਿਗਾੜਨ ਕਰਕੇ ਇਸੇ ਥਾਂ ਮੁਕੱਦਮਾ

ਚਲਾ ਕੇ ਮੁਜਰਮ ਠਹਿਰਾਇਆ ਗਿਆ ਸੀ। [27]ਨਿੱਜੀ ਤੌਰ ਤੇ ਮੈਨੂੰ ਲਗਦਾ ਹੈ ਕਿ ਪੌਲੁਸ ਨੂੰ ਅਗੋਰਾ ਦੇ ਭੀੜ-ਭੜੱਕੇ ਵਾਲੇ ਇਲਾਕੇ ਤੋਂ ਦੂਰ ਲਿਜਾਇਆ ਗਿਆ ਸੀ। [28]ਇਹ ਵੀ ਹਾਸੋਹੀਣੀ ਗੱਲ ਹੀ ਹੈ ਕਿ ਸਮੂਹਕ ਤੌਰ ਤੇ ਅਥੇਨੇ ਦੇ ਲੋਕ ਪੌਲੁਸ ਦੇ ਸੰਦੇਸ਼ ਤੋਂ ਪ੍ਰਭਾਵਿਤ ਨਹੀਂ ਹੋਏ ਸਨ, ਪਰ ਹੁਣ ਉਨ੍ਹਾਂ ਦੀ ਔਲਾਦ ਨੇ ਇਸ ਯੋਗਦਾਨ ਵਿਚ ਇਕ ਯਾਦਪੱਤਰ ਲਗਵਾ ਦਿੱਤਾ ਹੈ। [29]ਚੌਥੀ ਸਦੀ ਦੇ ਲਾਤੀਨੀ ਅਨੁਵਾਦ ਦੇ ਬਾਅਦ, KJV ਵਿਚ ਇੱਥੇ ''ਮਾਰਸ ਪਹਾੜੀ'' ਮਿਲਦਾ ਹੈ। ਕਈ ਮਸੀਹੀਆਂ ਲਈ, ਰਸੂਲਾਂ ਦੇ ਕੰਮ 17 ਵਿਚ ਪੌਲੁਸ ਦਾ ਉਪਦੇਸ਼ ''ਅਥੇਨੇ ਦੀ ਪਹਾੜੀ ਤੇ ਪੌਲੁਸ ਦਾ ਸੰਦੇਸ਼'' ਹੀ ਰਹੇਗਾ। [30]ਖਾਣਾ ਖਾ ਲੈਣ ਦੇ ਬਾਅਦ ਬਚੇ ਹੋਏ ਟੁਕੜਿਆਂ ਨੂੰ ''ਭੋਰੇ'' ਕਿਹਾ ਗਿਆ ਹੈ। ਬਚਿਆ ਖੁਚਿਆ ਖਾਣਾ ਯਾਨੀ ''ਭੋਰੇ'' ਕਦੇ-ਕਦੇ ਘਰ ਦੇ ਕੁੱਤਿਆਂ ਨੂੰ ਪਾ ਦਿਤਾ ਜਾਂਦਾ ਹੈ। ਸਾਡੇ ਵਿੱਚੋਂ ਕਈ ਲੋਕ ਆਪਣੀ ਜ਼ਿੰਦਗੀ ਦੀ ਜੂਠ ਯਾਨੀ ਬਚਿਆ ਖੁਚਿਆ ਹੀ ਦੇ ਕੇ ਖ਼ੁਦਾ ਨਾਲ ਪਾਲਤੂ ਕੁੱਤੇ ਵਾਲਾ ਸਲੂਕ ਕਰਦੇ ਹਨ।

© 2009 Truth for Today